# ਦਫਤਰ ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

**ਸਰਕਾਰੀ ਮਾਡਲ ਸੀਨੀਅਰ ਸੰਕੈਂਡਰੀ ਸਕੂਲ,ਫੇਜ਼-3ਬੀ1,ਐਸ.ਏ.ਐਸ ਨਗਰ**

**(ਵੈਬਸਾਈਟ www.educationrecruitmentboard.com)**

---

## ਉਮੀਦਵਾਰਾਂ ਲਈ ਹਦਾਇਤਾਂ

ਪੰਜਾਬ ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਦੇ **ਸਾਇੰਸ ਵਿਸ਼ੇ ਦੀਆਂ 1800 ਅਸਾਮੀਆਂ** ਭਰਨ ਲਈ ਯੋਗ ਉਮੀਦਵਾਰਾਂ ਵੱਲੋਂ, ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਜਿਹੜੇ ਉਮੀਦਵਾਰਾਂ ਨੇ ਇਹਨਾਂ ਅਸਾਮੀਆਂ ਲਈ ਆਨਲਾਈਨ ਅਪਲਾਈ ਕੀਤਾ ਸੀ, ਉਹਨਾਂ ਉਮੀਦਵਾਰਾਂ ਦਾ ਲਿਖਤੀ ਟੈਸਟ ਲਿਆ ਗਿਆ ਸੀ, ਜੋ ਉਮੀਦਵਾਰ ਇਸ ਟੈਸਟ ਵਿਚੋਂ ਪਾਸ ਹੋਏ ਹਨ, ਨੂੰ **"ਸਬਜੀ ਮੰਡੀ, ਸੈਕਟਰ 65 ਏ, ਫੇਜ਼ 11, ਐਸ.ਏ.ਐਸ. ਨਗਰ, ਪੰਜਾਬ"** ਵਿੱਖੇ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਸਵੇਰੇ 10.00 ਵਜੇ ਤੋਂ ਸਾਮ 3.00 ਵਜੇ ਤੱਕ ਅਸਲ ਦਸਤਾਵੇਜਾ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ, ਕੰਪਿਊਟਰ ਵਿੱਚੋਂ ਡਾਊਨਲੋਡ ਕੀਤਾ ਸਕਰੂਟਨੀ ਫਾਰਮ ਦੀਆਂ ਦੋ ਕਾਪੀਆਂ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਹੇਠਾਂ ਦਰਸਾਈ ਗਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

1. ਸਕਰੂਟਨੀ ਫਾਰਮ ਦੀਆਂ 2 ਕਾਪੀਆਂ (ਵੈਬ-ਸਾਈਟ ਤੋਂ ਡਾਊਨਲੋਡ ਕਰਕੇ)
2. ਜਨਮ ਮਿਤੀ ਸਬੰਧੀ ਦਸਵੀਂ ਦਾ ਸਰਟੀਫਿਕੇਟ
3. ਪੰਜਾਬੀ ਪਾਸ ਦਾ ਸਬੂਤ (10ਵੀਂ ਜਾਂ ਉਚੇਰੀ ਪੱਧਰ ਤੇ)
4. ਗ੍ਰੇਜੂਏਸ਼ਨ ਦੀ DMC ਅਤੇ ਡਿਗਰੀ।
5. ਬੀ.ਐਡ. ਦੀ DMC ਅਤੇ ਡਿਗਰੀ ।
6. ਕੈਟਾਗਿਰੀ ਸਬੰਧੀ ਸਰਟੀਫਿਕੇਟ ਅਤੇ ਪੰਜਾਬ ਦੇ ਵਸਨੀਕ ਹੋਣ ਦਾ ਸਬੂਤ (ਉਹ ਉਮੀਦਵਾਰ ਜਿਨ੍ਹਾ ਨੇ ਕਿਸੇ ਰਿਜਰਵ ਕੈਟਾਗਿਰੀ ਵਿਚ ਅਪਲਾਈ ਕੀਤਾ ਹੈ)।
7. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਜਿਹੜੇ ਉਮੀਦਵਾਰਾ ਨੇ ਪਛੜੀ ਸ਼੍ਰੇਣੀ ਦੀ ਕੈਟਾਗਿਰੀ ਵਿਚ ਅਪਲਾਈ ਕੀਤਾ ਹੈ) ।

**ਨੋਟ -** **ਉਮੀਦਵਾਰ ਉਪਰੋਕਤ ਲੜੀ ਨੰਬਰ 1 ਤੋਂ 7 ਤੱਕ ਦੇ ਸਾਰੇ ਅਸਲ ਸਰਟੀਫਿਕੇਟਾਂ/ ਦਸਤਾਵੇਜਾਂ ਨੂੰ ਸਕੈਨ ਕਰਕੇ ਇੱਕ CD ਤਿਆਰ ਕਰਕੇ ਨਾਲ ਲਿਆਂਦੀ ਜਾਵੇ , CD ਉਪਰ ਪੱਕੇ ਮਾਰਕਰ ਪੈਨ ਨਾਲ ਆਪਣਾ ਰਜਿਸਟਰੇਸਨ ਨੰਬਰ ਅਤੇ ਨਾਮ ਲਿਖ ਕੇ ਫਾਈਲ ਨਾਲ ਜਮਾਂ ਕਰਵਾਉਣਗੇ।**

**ਸਕਰੂਟਨੀ ਲਈ ਸਡਿਊਲ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰਬਰ | ਸਕਰੂਟਨੀ ਦੀ ਮਿਤੀ | ਵੇਰਵੇ |
|---|---|---|
| 1 | 21-09-2016 | ਸਾਇੰਸ ਵਿਸ਼ੇ ਦੇ ਲੜੀ ਨੰਬਰ 1 ਤੋਂ 342 ਤੱਕ ਦੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 2 | 22-09-2016 | ਸਾਇੰਸ ਵਿਸ਼ੇ ਦੇ ਲੜੀ ਨੰਬਰ 343 ਤੋਂ 1648 ਤੱਕ ਦੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |

1. ਉਪਰੋਕਤ ਦਿੱਤੇ ਸ਼ਡਿਊਲ ਅਨੁਸਾਰ ਉਮੀਦਵਾਰ ਦਸਤਾਵੇਜ਼ਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਉਮੀਦਵਾਰ ਦੁਆਰਾ ਖੁਦ ਤਸਦੀਕੀ ਫੋਟੋ ਕਾਪੀਆਂ ਲਾਈਆ ਜਾਣਗੀਆਂ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਕਮੇਟੀਆਂ ਕੋਲੋ ਦਸਤਾਵੇਜ਼ ਚੈਕ ਕਰਵਾਉਣੇ ਅਤੀ ਜਰੂਰੀ ਹਨ। ਦਸਤਾਵੇਜ਼ ਚੈਕ ਨਾ ਕਰਵਾਉਣ ਦੀ ਸੂਰਤ ਵਿਚ ਉਮੀਦਵਾਰ ਦੀ ਪਾਤਰਤਾਂ ਯੋਗ ਨਹੀਂ ਮੰਨੀ ਜਾਵੇਗੀ।
5. ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ. ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

**ਡਾਇਰੈਕਟਰ,**
**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ**